PFL had earlier issued notice granting borrower(s) 90 days' time to repay the full outstanding dues in their respective loan accounts. As the borrowers have failed to regularize their accounts, PFL, in exercise of its rights under the Standard Terms and Conditions and applicable law, has decided to enforce the security created and proceed with the sale of gold jewelry by way of public auction to recover the outstanding dues.

Public auction of the gold jewelry in the following loan accounts will be conducted on **12.11.2026** from 11:00 AM onwards at the following Centres:

1. Ground Floor, Showroom No 31, Adjoining Yes Bank, Ferozpur Road, Opposite Gandhi Road, Improvement Trust Market, Moga, Punjab-142001

Any change in venue or date will be displayed at the auction center. If, for any reason, the auction of any deposited security cannot be conducted or completed on the scheduled date mentioned hereunder, PFL reserves the right to conduct or reschedule the said auction on any subsequent date and time with same terms and conditions with further notice. If the borrower is deceased, then all the conditions pertaining to auction will be applicable to the nominee/legal heir.

Details of loans taken for auction:

Sl. No.	Loan Account Num	Borrower Name	Loan Amount (Rs.)	Dues (Rs.)	Number of Jewelry Items	Gross Weight of Jewelry (gm)	Auction Place	Branch Address
1	GL0030600000000375759	MOHD DILSHAD	155000	169496	4	14	Moga	Ground Floor, Showroom No 31, Adjoining Yes Bank, Ferozpur Road, Opposite Gandhi Road, Improvement Trust Market, Moga, Punjab-142001
2	GL0030600000000294011	MANDEEP SINGH	341402	359111	5	20.334	Moga	Ground Floor, Showroom No 31, Adjoining Yes Bank, Ferozpur Road, Opposite Gandhi Road, Improvement Trust Market, Moga, Punjab-142001
3	GL0031410000000300396	RAJ KUMAR	422500	450396	5	28.4	Moga	Ground Floor, Showroom No 31, Adjoining Yes Bank, Ferozpur Road, Opposite Gandhi Road, Improvement Trust Market, Moga, Punjab-142001

Terms and Conditions:

1. The Auction shall be carried out strictly on an "AS IS WHERE IS", "AS IS WHAT IS" and "WHATEVER THERE IS" basis and PFL does not make any representations, warranties, express or implied regarding the quality, carriage, purity, weight or valuation of the said gold jewelry.
2. Prospective bidders shall produce valid PAN Card, Aadhaar Card and other KYC documents before participating in the auction and each documents shall be suitably verified by PFL.
3. Prospective bidders are solely responsible for inspecting and satisfying themselves regarding the condition, carriage, purity, weight or valuation of the said gold jewelry prior to placing their bids. Inspection of Gold will be permitted to the prospective bidders on the date of auction and scheduled auction site. No objections, claims or references shall be entertained in relation to the Gold after the commencement of auction proceedings.
4. All bids shall be subject to a minimum reserve price determined by PFL in accordance with applicable regulatory norms. PFL reserves sole discretion to finalize the reserve price and impose any additional conditions as deemed necessary.
5. The bidder shall not amend, modify, or withdraw its bid once it is received by PFL. PFL shall be entitled to forfeit the earnest money deposit of the bidder amount, modifies or withdraws the original bid without the consent of PFL.
6. The bids received by PFL will be opened on the date of the auction and the highest bidder would be considered as the successful bidder, subject to approval of the balance bid amount (after adjusting the minimum reserve price already paid) immediately upon completion of the auction and at any event not later than communicated by PFL.
7. PFL reserves the right to postpone, adjourn, modify, suspend, or cancel the auction proceedings without prior notice and without assigning any reason. PFL also reserves the right to accept or reject any bid(s), in whole or in part, and any such decision shall be final and binding on all the participants.
8. Details of defaulting borrower(s), the deposited jewelry and other details have been displayed at the respective branches.
9. The defaulting Borrower(s) may redeem the said gold jewelry by clearing entire outstanding dues and by closing or regularizing the loan account at any time before the scheduled date and commencement of the auction. Failing such payment, the said gold jewelry shall be sold by public auction, and any residual dues shall remain recoverable from the borrower(s). Accounts closed or regularized after publication of this notice shall be liable for proportionate publication and auction expenses.
10. Borrowers are requested to submit/update their latest bank account details to enable timely refund of excess auction proceeds, if any.

For detailed information, terms and conditions, contact the branch office concerned of Poonawalla Fincorp Limited.

Date:- 07.11.2026
Place :- MOGA

Authorised Officer
For Poonawalla Fincorp Limited

ਸੰਗਰੂਰ ਸੋਸ਼ਲ ਵੈਲਫੇਅਰ ਐਸੋਸੀਏਸ਼ਨ ਵੱਲੋਂ ਵਾਤਾਵਰਨ ਦੀ ਸ਼ੁੱਧਤਾ ਲਈ ਗਰੀਨ ਦੀਵਾਲੀ ਮਨਾਉਣ ਦਾ ਸੱਦਾ

ਮੱਟੀ ਦੇ ਦੀਵੇ ਤੇ ਮਠਿਆਈਆਂ ਵੰਡੀਆਂ



ਹਰਜਿੰਦਰ ਦੁੱਗਾਂ

ਸੰਗਰੂਰ 6, ਨਵੰਬਰ : ਸੰਗਰੂਰ ਸੋਸ਼ਲ ਵੈਲਫੇਅਰ ਐਸੋਸੀਏਸ਼ਨ ਵੱਲੋਂ ਹਰ ਸਾਲ ਦੀ ਤਰਾਂ ਇਸ ਸਾਲ ਵੀ ਸਥਾਨਕ ਪੈਨਸ਼ਨਰ ਭਵਨ ਤਹਿਸੀਲ ਕੰਪਲੈਕਸ ਵਿਖੇ ਪ੍ਰਦਰਸ਼ਨ ਰਹਿਤ ਗਰੀਨ ਦਿਵਾਲੀ ਮਨਾਉਣ ਸਬੰਧੀ ਇਕ ਵਿਸ਼ੇਸ਼ ਸਮਾਗਮ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਸੂਬਾਈ ਪੈਨਸ਼ਨਰ ਆਗੂ ਸ੍ਰੀ ਰਾਜ ਕੁਮਾਰ ਅਰੋੜਾ ਦੀ ਅਗਵਾਈ ਹੇਠ ਸੰਪੰਨ ਹੋਇਆ। ਪ੍ਰਧਾਨਗੀ ਮੰਡਲ ਵਿਚ ਉਨ੍ਹਾਂ ਦੇ ਨਾਲ ਚੇਅਰਮੈਨ ਰਵਿੰਦਰ ਸਿੰਘ ਗੁੱਡੂ, ਵਾਇਸ ਚੇਅਰਮੈਨ ਲਾਲ ਚੰਦ ਸੈਣੀ, ਸੀਨੀਅਰ ਮੀਤ ਪ੍ਰਧਾਨ ਜਸਵੀਰ ਸਿੰਘ ਖਾਲਸਾ, ਕਰਨੈਲ ਸਿੰਘ ਸੇਖੋਂ, ਡਾਕਟਰ ਮਨਮੋਹਨ ਸਿੰਘ, ਕਿਸ਼ੋਰੀ ਲਾਲ, ਜਨਰਲ ਸਕੱਤਰ ਸ੍ਰੀ ਕਮਲਜੀਤ ਸਿੰਘ,ਵਿੱਤ ਸਕੱਤਰ ਸ੍ਰੀ ਸੁਰਿੰਦਰ ਸਿੰਘ ਸੋਢੀ, ਮੁੱਖ ਸਲਾਹਕਾਰ ਆਰ ਐਲ ਪਾਂਧੀ, ਮੰਗਤ ਰਾਜ ਸੁਖੀਜਾ ,ਆਰਗੇਨਾਇਜ, ਰਾਜ ਕੁਮਾਰ ਬਾਂਸਲ, ਮੀਤ ਪ੍ਰਧਾਨ ਰਜਿੰਦਰ ਗੋਇਲ,ਜਨਕ ਰਾਜ ਜੋਸ਼ੀ, ਅਤੇ ਰਜਿੰਦਰ ਸਿੰਘ ਚੰਗਾਲ ਆਦਿ ਮੌਜੂਦ ਸਨ, ਜਦੋਂ ਕਿ ਮੁੱਖ ਮਹਿਮਾਨ ਵਜੋਂ ਉਘੇ ਸਮਾਜ ਸੇਵੀ ਲੋਕ ਸੇਵਕ ਸ੍ਰੀ ਗੋਪਾਲ ਦਾਸ ਗੋਇਲ, ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸਮਾਜ ਸੇਵੀ ਸ੍ਰੀ ਸੁਰਿੰਦਰ ਪਾਲ ਗਰਗ ਅਤੇ ਨਗਨ ਬਾਬਾ ਸ੍ਰੀ ਸਾਹਿਬ ਦਾਸ ਸੇਵਾ ਦਲ ਦੇ ਪ੍ਰਧਾਨ ਸ੍ਰੀ ਹਰੀਸ਼ ਅਰੋੜਾ ਵੱਲੋਂ ਸ਼ਿਰਕਤ ਕੀਤੀ ਗਈ। ਸਮਾਗਮ ਦੌਰਾਨ ਹੱਥੀ ਕਿਰਤ ਕਰ ਰਹੇ ਮੇਹਨਤ ਨਾਲ ਮਿੱਟੀ ਦੇ ਦੀਵੇ ਬਣਾ ਕੇ ਭੁੱਟ ਪਾਥਾ ਤੇ ਵੇਚਣ ਵਾਲੇ ਕ੍ਰਿਤੀਆਂ ਪਾਸੋਂ ਖ੍ਰੀਦ ਕੇ ਵੱਡੇ ਗਏ ਅਤੇ ਪੇਠੇ ਦੀ ਮਠਿਆਈ ਵੰਡੀ ਗਈ ਅਤੇ ਪ੍ਰਦਰਸ਼ਨ ਰਹਿਤ ਗਰੀਨ ਦਿਵਾਲੀ ਮਨਾਉਣ ਦਾ ਸੱਦਾ ਦਿੱਤਾ ਗਿਆ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਰਾਜ ਕੁਮਾਰ ਅਰੋੜਾ ਨੇ ਕਿਹਾ ਕਿ ਵਾਤਾਵਰਣ ਦੀ ਸ਼ੁੱਧਤਾ ਲਈ ਸਾਨੂੰ ਗ੍ਰੀਨ ਦੀਪਾਵਲੀ ਮਨਾਉਣੀ ਚਾਹੀਦੀ ਹੈ,ਅਤੇ ਹੱਥੀ ਕੰਮ ਕਰਨ ਵਾਲੇ ਕਾਰੀਗਰਾਂ ਪਾਸੋਂ ਮਿੱਟੀ ਦੇ ਦੀਵੇ ਖ੍ਰੀਦ ਕੇ ਰੋਸ਼ਨੀ ਕਰਨੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਨੂੰ ਵੀ ਖੁਸ਼ੀ ਨਾਲ ਦਿਪਾਵਲੀ ਮਨਾਉਣ ਲਈ ਉਤਸ਼ਾਹਿਤ ਕੀਤਾ ਜਾ ਸਕੇ, ਰੋਸ਼ਨੀ ਦਾ ਤਿਉਹਾਰ ਦੀਵਾਲੀ ਸਾਨੂੰ ਸਾਰਿਆਂ ਨੂੰ ਆਪਸ ਵਿੱਚ ਮਿਲਜੁਲ ਕੇ ਮਨਾਉਂਦੇ ਹੋਏ ਪਿਆਰ, ਮੁਹੱਬਤ,ਅਮਨ ਸ਼ਾਂਤੀ, ਸਦਭਾਵਨਾ ਅਤੇ ਆਪਸੀ ਭਾਈਚਾਰਕ ਸਾਂਝ ਦਾ ਸੰਦੇਸ਼ ਦੇਣਾ ਚਾਹੀਦਾ ਹੈ। ਚੇਅਰਮੈਨ ਸ੍ਰੀ ਰਵਿੰਦਰ ਸਿੰਘ ਗੁੱਡੂ ਨੇ ਕਿਹਾ ਕਿ ਵਾਤਾਵਰਣ ਦੀ ਸ਼ੁੱਧਤਾ ਲਈ ਸਾਨੂੰ ਵੱਧ ਤੋਂ ਵੱਧ ਬੂਟੇ ਲਗਾਏ ਜਾਣ ਤਾਂ ਜੋ ਹਵਾ ਨੂੰ ਪ੍ਰਦੂਸ਼ਣ ਤੋਂ ਬਚਾਇਆ ਜਾ ਸਕੇ। ਗੁਰਬਾਣੀ ਦੇ ਸੰਦੇਸ਼ ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ਦੇ ਅਸਲ ਮਾਇਨਿਆਂ ਤੇ ਅਮਲ ਕੀਤਾ ਜਾ ਸਕੇ, ਇਸ ਮੌਕੇ ਤੇ ਕੁਲਵੰਤ ਰਾਏ ਬਾਂਸਲ, ਬਲਦੇਵ ਰਾਜ ਮਦਾਨ, ਮਹੇਸਜ਼ੋਹਰ, ਤਿਲਕ ਰਾਜ ਸਤੀਜਾ, ਸੁਰਿੰਦਰ ਸੈ ਰੇਗੋ, ਵਾਸਦੇਵ ਸ਼ਰਮਾ, ਯੁਧਿਸ਼ਟਰ, ਅਸ਼ੋਕ ਨਾਗਪਾਲ, ਮਦਨ ਗੋਪਾਲ ਸਿਗਲਾ, ਕੁਲਵੰਤ ਰਾਏ ਬਾਂਸਲ,ਓਮ ਪ੍ਰਕਾਸ਼ ਸ਼ਰਮਾ ਆਦਿ ਮੌਜੂਦ ਸਨ।

ਟਰੱਕ ਯੂਨੀਅਨ ਦੇ ਪ੍ਰਧਾਨ ਅਮਨ ਜੱਫਾ ਨੇ ਡਰਾਈਵਰਾਂ ਤੇ ਸਹਾਇਕਾਂ ਨੂੰ ਗਰਮ ਲੋਈਆਂ ਵੰਡੀਆਂ



ਧਰਮ ਚੰਦ ਸਿਗਲਾ

ਸਰਦੂਲਗੜ੍ਹ, 6 ਨਵੰਬਰ : ਸਰਦੂਲਗੜ੍ਹ ਟਰੱਕ ਯੂਨੀਅਨ ਦੇ ਨਵ-ਨਿਯੁਕਤ ਪ੍ਰਧਾਨ ਨੌਜਵਾਨ ਅਮਨਦੀਪ ਸਿੰਘ ਜੱਫਾ ਵੱਲੋਂ ਬੀਤੇ ਕਲ,ਪਹਿਲਕਦਮੀ ਕਰਦਿਆਂ ਟਰੱਕ ਡਰਾਈਵਰਾਂ ਅਤੇ ਉਨ੍ਹਾਂ ਦੇ ਸਹਾਇਕਾਂ ਨੂੰ ਦੀਪਾਵਾਲੀ ਦੇ ਸ਼ੁਭ ਅਵਸਰ ਮੌਕੇ ਸਰਦੀ ਦੇ ਮੌਸਮ ਦੇ ਮੱਦੇਨਜ਼ਰ ਗਰਮ ਲੋਈਆਂ ਵੰਡੀਆਂ ਗਈਆਂ।ਇਸ ਮੌਕੇ ਅਮਨਦੀਪ ਸਿੰਘ ਜੱਫਾ ਨੇ ਕਿਹਾ ਕਿ ਟਰੱਕ ਆਪਰੇਟਰ ਆਪਣੀ ਪੂੰਜੀ ਲਗਾ ਕੇ ਯੂਨੀਅਨ ਵਿੱਚ ਟਰੱਕ ਸ਼ਾਮਲ ਕਰਵਾਉਂਦੇ ਹਨ, ਪਰ ਸੜਕਾਂ 'ਤੇ ਦਿਨ-ਰਾਤ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਦਿਆਂ ਅਸਲ ਵਿੱਚ ਡਰਾਈਵਰ ਅਤੇ ਉਨ੍ਹਾਂ ਦੇ ਸਹਾਇਕ ਹੀ ਇਸ ਕਾਰੋਬਾਰ ਨੂੰ ਚਲਾਉਂਦੇ ਹਨ। ਇਸ ਲਈ ਉਨ੍ਹਾਂ ਦਾ ਮਾਣ-ਸਨਮਾਨ ਅਤੇ ਸਹੂਲਤਾਂ ਯਕੀਨੀ ਬਣਾਉਣਾ ਬੇਹੱਦ ਜ਼ਰੂਰੀ ਹੈ।ਇਸ ਮੌਕੇ ਸਹਿਰੀ ਪ੍ਰਧਾਨ ਪੰਕਜ ਟਾਟਾ ਨੇ ਅਮਨ ਜੱਫਾ ਦੀ ਇਸ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਸਮੂਹ ਨਗਰ ਨਿਵਾਸੀਆਂ ਨੂੰ ਦੀਵਾਲੀ ਦੀਆਂ ਵਧਾਈਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਅਜਿਹੇ ਉਪਰਾਲੇ ਸਮਾਜ ਵਿੱਚ ਆਪਸੀ ਪਿਆਰ ਅਤੇ ਸਤਿਕਾਰ ਦੀ ਭਾਵਨਾ ਨੂੰ ਮਜ਼ਬੂਤ ਕਰਦੇ ਹਨ।ਜਗਜੀਤ ਸਿੰਘ ਕਾਕਾ ਨੇ ਡਰਾਈਵਰ ਭਾਈਚਾਰੇ ਦੀ ਹਮਾਇਤ ਕਰਦਿਆਂ ਕਿਹਾ ਕਿ ਸਾਨੂੰ ਹਰ ਇੱਕ ਨੂੰ ਟਰੱਕ ਡਰਾਈਵਰਾਂ ਦਾ ਮਾਣ ਸਨਮਾਨ ਕਰਨਾ ਚਾਹੀਦਾ ਹੈ ਕਿਉਂਕਿ ਮਾਲ ਦੀ ਢੋਆ ਢੁਆਈ ਸਦਕਾ ਹੀ ਤੁਹਾਡੇ ਘਰ ਦੇ ਚੁੱਲੇ ਤੱਕ ਰਾਸ਼ਨ ਪਹੁੰਚਾਉਣ ਵਾਲਾ ਹੀ ਇਹ ਟਰੱਕ ਡਰਾਈਵਰ ਹੁੰਦਾ ਹੈ ਜ਼ਿਕਰਯੋਗ ਹੈ ਕਿ ਅੱਜ ਨੌਜਵਾਨ ਪੀੜ੍ਹੀ ਟਰੱਕ ਡਰਾਈਵਰੀ ਦੇ ਕਿੱਤੇ ਤੋਂ ਦੂਰ ਹੁੰਦੀ ਜਾ ਰਹੀ ਹੈ, ਜਿਸ ਦਾ ਮੁੱਖ ਕਾਰਨ ਇਸ ਕਿੱਤੇ ਵਿੱਚ ਆਉਣ ਵਾਲੀਆਂ ਅਨੇਕਾਂ ਮੁਸ਼ਕਲਾਂ ਹਨ, ਡਰਾਈਵਰਾਂ ਦੀਆਂ ਸਮੱਸਿਆਵਾਂ ਵੱਲ ਧਿਆਨ ਦੇਣ ਅਤੇ ਉਨ੍ਹਾਂ ਨੂੰ ਬਣਦਾ ਮਾਣ-ਸਤਿਕਾਰ ਦੇਣ ਦੀ ਲੋੜ ਹੈ ਇਸ ਮੌਕੇ ਟਰੱਕ ਯੂਨੀਅਨ ਦੇ ਮੈਂਬਰਾਂ ਅਤੇ ਡਰਾਈਵਰ ਭਾਈਚਾਰੇ ਵੱਲੋਂ ਇਸ ਉਪਰਾਲੇ ਦੀ ਖੁਸ਼ੀ ਮਨਾਈ ਗਈ।

ਹੇਮਕੁੰਟ ਸਕੂਲ ਵਿਖੇ ਦੀਵਾਲੀ ਦਾ ਤਿਉਹਾਰ ਮਨਾਇਆ

ਜੋਗਿੰਦਰਪਾਲ ਮਾਲੜਾ

ਕੋਟ ਈਸੇ ਖਾਂ, 6 ਨਵੰਬਰ: ਸ੍ਰੀ ਹੇਮਕੁੰਟ ਸੀਨੀਅਰ ਸੈਕੰਡਰੀ ਸਕੂਲ, ਕੋਟ ਈਸੇ ਖਾਂ ਵਿਖੇ ਦੀਵਾਲੀ ਅਤੇ ਬੰਦੀ ਛੋੜ ਦਿਵਸ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਸਕੂਲ ਵਿੱਚ ਸਵੇਰ ਦੀ ਵਿਸ਼ੇਸ਼ ਪ੍ਰਾਰਥਨਾ ਸਭਾ ਕਰਵਾਈ ਗਈ। ਇਸ ਦੌਰਾਨ ਬੱਚਿਆਂ ਵੱਲੋਂ ਦੀਵਾਲੀ ਦੀ ਰਾਤ ਨੂੰ ਦੀਵੇ ਬਾਲਣ ਸ਼ਬਦ ਗਾਇਨ ਕੀਤਾ ਗਿਆ।ਇਸ ਉਪਰੰਤ ਮੈਡਮ ਗੁਰਸ਼ਰਨ ਕੌਰ ਵੱਲੋਂ ਬੰਦੀ ਛੋੜ ਦਿਵਸ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਦੱਸਿਆ ਗਿਆ। ਉਨ੍ਹਾਂ ਨੇ ਦੱਸਿਆ ਕਿ ਇਸ ਦਿਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਵਿੱਚੋਂ 52 ਰਾਜਿਆਂ ਨੂੰ ਰਿਹਾਅ ਕਰਵਾ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇ ਸਨ। ਇਹ ਦਿਹਾੜਾ ਸਾਨੂੰ ਆਜ਼ਾਦੀ, ਇਨਸਾਫ਼ ਅਤੇ ਦੂਜਿਆਂ ਦੀ ਮਦਦ ਕਰਨ ਦਾ ਸੰਦੇਸ਼ ਦਿੰਦਾ ਹੈ।ਇਸ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਵਿੱਚ ਭੰਗੜੇ ਅਤੇ ਗਿੱਧੇ ਦੀਆਂ ਸ਼ਾਨਦਾਰ ਪੇਸ਼ਕਾਰੀਆਂ ਨੇ ਸਭ ਦਾ ਮਨ ਮੋਹ ਲਿਆ। ਮੈਡਮ ਨੇਹਾ ਅਤੇ ਮੈਡਮ ਜੋਤੀ ਸਿਆਲ ਵੱਲੋਂ ਵੀ ਵਿਦਿਆਰਥੀਆਂ ਨੂੰ ਦੀਵਾਲੀ ਦੇ ਤਿਉਹਾਰ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਇਸ ਨੂੰ ਖੁਸ਼ੀਆਂ, ਪਿਆਰ ਅਤੇ ਆਪਸੀ ਭਾਈਚਾਰੇ ਨਾਲ ਮਨਾਉਣ ਦਾ ਸੰਦੇਸ਼ ਦਿੱਤਾ ਗਿਆ। ਦੀਵਾਲੀ ਦੇ ਮੌਕੇ ਵਿਦਿਆਰਥੀਆਂ ਵੱਲੋਂ ਦੀਵੇ ਸਜਾਉਣ ਅਤੇ ਰੰਗੋਲੀ ਬਣਾਉਣ ਦੇ ਮੁਕਾਬਲੇ ਵੀ ਕਰਵਾਏ ਗਏ। ਬੱਚਿਆਂ ਨੇ ਆਪਣੀ ਕਲਾ ਅਤੇ ਰਚਨਾਤਮਕਤਾ ਦਾ ਬਹੁਤ ਹੀ ਸੁੰਦਰ ਪ੍ਰਦਰਸ਼ਨ ਕੀਤਾ।ਇਸ ਮੌਕੇ ਸਕੂਲ ਦੇ ਚੇਅਰਮੈਨ ਸਰਦਾਰ ਕੁਲਵੰਤ ਸਿੰਘ ਸੰਧੂ ਅਤੇ ਐਮ ਡੀ ਮੈਡਮ ਰਣਜੀਤ ਕੌਰ ਸੰਧੂ ਵੱਲੋਂ ਵਿਦਿਆਰਥੀਆਂ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਵਧਾਈਆਂ ਦਿੱਤੀਆਂ ਗਈਆਂ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਤਿਉਹਾਰਾਂ ਦੀ ਅਸਲ ਮਹੱਤਤਾ ਸਮਝਣ, ਆਪਸੀ ਪਿਆਰ ਅਤੇ ਸਾਂਝ ਬਣਾਈ ਰੱਖਣ ਅਤੇ ਸੁਰੱਖਿਅਤ ਢੰਗ ਨਾਲ ਤਿਉਹਾਰ ਮਨਾਉਣ ਲਈ ਪ੍ਰੇਰਿਤ ਕੀਤਾ।ਅੰਤ ਵਿੱਚ ਸਕੂਲ ਦੀ ਪ੍ਰਿੰਸੀਪਲ ਮੈਡਮ ਰਮਨਜੀਤ ਕੌਰ ਵੱਲੋਂ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਤਿਉਹਾਰ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੀ ਸੰਸਕ੍ਰਿਤੀ ਅਤੇ ਪਰੰਪਰਾਵਾਂ ਨਾਲ ਜੁੜੇ ਰਹਿਣ ਅਤੇ ਤਿਉਹਾਰਾਂ ਨੂੰ ਮਿਲਜੁਲ ਕੇ ਮਨਾਉਣ ਦਾ ਸੰਦੇਸ਼ ਦਿੱਤਾ।

ਹਰਵਿੰਦਰ ਸਿੰਘ ਸਰਾਂ ਨੇ ਸਰਦੂਲਗੜ੍ਹ ਦੇ ਡੀਐੱਸਪੀ ਵਜੋਂ ਅਹੁਦਾ ਸੰਭਾਲਿਆ

ਅਮਨ-ਕਾਨੂੰਨ ਦੀ ਵਿਵਸਥਾ ਕਾਇਮ ਰੱਖਣਾ ਰਹੇਗੀ ਪਹਿਲੀ ਤਰਜੀਹ

ਗੁਰਜੀਤ ਸ਼ੀਂਹ

ਮਾਨਸਾ 6, ਨਵੰਬਰ : ਇਸ ਇਲਾਕੇ ਚ ਪਹਿਲਾਂ ਸੇਵਾਵਾਂ ਨਿਭਾ ਚੁੱਕੇ ਹਰਵਿੰਦਰ ਸਿੰਘ ਸਰਾਂ ਨੇ ਡੀਐੱਸਪੀ ਸਰਦੂਲਗੜ੍ਹ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ। ਅਹੁਦਾ ਸੰਭਾਲਣ ਉਪਰੰਤ ਉਹਨਾਂ ਪੱਤਰਕਾਰਾਂ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਇਲਾਕਾ ਵਾਸੀਆਂ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ।



ਇਸ ਮੌਕੇ ਡੀਐੱਸਪੀ ਹਰਵਿੰਦਰ ਸਿੰਘ ਸਰਾਂ ਨੇ ਕਿਹਾ ਕਿ ਸਰਦੂਲਗੜ੍ਹ ਇਲਾਕੇ ਵਿੱਚ ਅਮਨ-ਸ਼ਾਂਤੀ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣਾ ਉਨ੍ਹਾਂ ਦੀ ਪਹਿਲੀ ਤਰਜੀਹ ਹੋਵੇਗੀ। ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਪੁਲਿਸ ਅਤੇ ਆਮ ਲੋਕਾਂ ਵਿਚਕਾਰ ਬਿਹਤਰ ਤਾਲਮੇਲ ਬਣਾਉਣ ਲਈ ਵੀ ਯਤਨ ਕੀਤੇ ਜਾਣਗੇ। ਉਨ੍ਹਾਂ ਸ਼ਰਾਰਤੀ ਅਤੇ ਗੈਰ-ਸਮਾਜਿਕ ਅਨਸਰਾਂ ਨੂੰ ਸਖ਼ਤ ਤਾੜਨਾ ਕਰਦਿਆਂ ਕਿਹਾ ਕਿ ਇਲਾਕੇ ਵਿੱਚ ਕਿਸੇ ਵੀ ਤਰ੍ਹਾਂ ਦੀ ਗੈਰ-ਕਾਨੂੰਨੀ ਗਤੀਵਿਧੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਕਾਨੂੰਨ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਅਜਿਹੇ ਅਨਸਰਾਂ ਵਿਰੁੱਧ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਮਜ਼ਦੂਰਾਂ ਵੱਲੋਂ ਇਨਸਾਫ਼ ਲਈ ਧਰਨਾ ਭਲਕੇ



ਕਿਰਪਾਲ ਸਿੰਘ ਸੰਧੇ

ਬੁਨਾਮ ਊਧਮ ਸਿੰਘ ਵਾਲਾ, 6 ਨਵੰਬਰ : ਬੂਟਾਲਕਲਾ ਦੇ ਮਜ਼ਦੂਰਾਂ ਨਾਲ ਹੋਈ ਧੱਕੇ ਸ਼ਾਹੀ ਦੇ ਖਿਲਾਫ ਮਜ਼ਦੂਰਾਂ ਦੀ ਜਥੇਬੰਦੀ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵੱਲੋਂ ਇਨਸਾਫ ਲਈ ਦਿਨ ਰਾਤ ਦਾ ਸਦਰ ਥਾਣਾ ਲਹਿਰਾ ਵਿਖੇ ਪੱਕਾ ਧਰਨਾ ਲਾਇਆ ਹੋਇਆ ਹੈ। ਜਿਸ ਨੂੰ ਅੱਜ 54 ਦਿਨ ਬਿਤ ਚੁੱਕੇ ਹਨ ਅਗਲੇ ਐਕਸ਼ਨ ਲਈ ਅੱਜ ਫਿਰ ਧਰਨੇ ਵਾਲੀ ਜਗਾ ਤੇ ਮਜਦੂਰ ਜਥੇਬੰਦੀ ਦੇ ਸਰਗਰਮ ਆਗੂਆਂ ਦੀ ਮੀਟਿੰਗ ਹੋਈ ਜਿਸ ਵਿੱਚ ਫੈਸਲਾ ਕੀਤਾ ਗਿਆ ਕਿ ਇਨਸਾਫ਼ ਲਈ 8 ਨਵੰਬਰ ਨੂੰ ਮੰਤਰੀ ਵਰਿੰਦਰ ਗੋਇਲ ਲਹਿਰਾ ਦੇ ਦਫਤਰ ਅੱਗੇ 2 ਘੰਟੇ ਲਈ ਰੋਸ ਧਰਨਾ ਦਿੱਤਾ ਜਾਵੇਗਾ। ਇਸ ਮੌਕੇ ਤੇ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਮਜਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪਰਧਾਨ ਗੋਬਿੰਦ ਸਿੰਘ ਛਾਜਲੀ ਜਿਲ੍ਹਾ ਪ੍ਰਧਾਨ ਬਿੱਟੂ ਸਿੰਘ ਖੋਖਰ ਨੇ ਕਿਹਾ ਕਿ ਬੂਟਾਲ ਕਲਾ ਦੇ ਪੀੜਤ ਪਰਿਵਾਰ ਰਾਜ ਸਿੰਘ ਦਾ ਕਸੂਰ ਸਿਰਫ ਏਹੇ ਸੀ ਕਿ ਉਹ ਦੋਸ਼ੀ ਸੁਖਜਿੰਦਰ ਸਿੰਘ ਉਰਫ ਗੱਗੀ ਦੇ ਰਿਸ਼ਤੇਦਾਰ ਦੇ ਖੇਤ ਚ ਝੋਨਾ ਲਾਉਣ ਨਹੀਂ ਗਿਆ ਜਿਸ ਕਰਕੇ ਦੋਸ਼ੀ ਵੱਲੋਂ ਦੂਜੇ ਕਿਸਾਨ ਦੇ ਖੇਤ ਵਿੱਚ ਜਾ ਕੇ ਮਜਦੂਰਾ ਦੀ ਕੁੱਟ ਮਾਰ ਕੀਤੀ ਉਨ੍ਹਾਂ ਕਿਹਾ ਕਿ ਦੋਸ਼ੀ ਬੀ ਜੇ ਪੀ ਅਤੇ ਆਰ ਐਸ ਐਸ ਪਾਰਟੀ ਦਾ ਆਗੂ ਹੋਣ ਕਰਕੇ ਲਹਿਰਾ ਪੁਲਿਸ ਵੱਲੋਂ ਦੋਸ਼ੀ ਦਾ ਪੱਖ ਪੂਰਿਆ ਗਿਆ ਹੈ । ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕੀ ਮਾਮਲੇ ਦੀ ਜਾਚ ਪੜਤਾਲ ਲਈ ਐਸੀ ਅਫਸਰ ਅਤੇ ਉੱਚ ਪੱਧਰੀ ਸੈੱਟ ਬਣਾਕੇ ਪੀੜਤ ਨੂੰ ਇਨਸਾਫ਼ ਦਿੱਤਾ ਜਾਵੇ, ਉਨ੍ਹਾਂ ਕਿਹਾ ਕਿ ਪੀੜਤ ਪਰਿਵਾਰ ਨੂੰ ਇਨਸਾਫ਼ ਮਿਲਣ ਤੱਕ ਸੰਘਰਸ਼ ਜਾਰੀ ਰਹੇਗਾ ਇਸ ਮੌਕੇ ਤੇ ਮਨਜੀਤ ਕੌਰ ਆਲੋਅਰਖ, ਨਿਰਮਲ ਸਿੰਘ ਬੂਟਾਲ, ਗੁਰਜੰਟ ਸਿੰਘ, ਧਰਮਪਾਲ ਸੁਨਾਮ, ਪੱਪੂ ਸਿੰਘ ਖੋਖਰ, ਚਰਨਜੀਤ ਕੌਰ, ਜੋਗਾ ਸਿੰਘ ਆਦਿ ਹਾਜਰ ਸਨ।

ਪਿੰਡ ਅਲਿਆਣਾ ਦੇ ਵੱਡੀ ਗਿਣਤੀ ਆਗੂ ਤੇ ਵਰਕਰ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ

ਸਾਬਕਾ ਵਿਧਾਇਕ ਰਮਿੰਦਰ ਸਿੰਘ ਆਵਲਾ ਨੇ ਸਿਰੋਪੇ ਪਾ ਕੇ ਕੀਤਾ ਨਿੱਘਾ ਸਵਾਗਤ



ਸੰਜੀਵ ਧਮੀਜਾ

ਜਲਾਲਾਬਾਦ, 6 ਨਵੰਬਰ : ਸਾਬਕਾ ਵਿਧਾਇਕ ਰਮਿੰਦਰ ਸਿੰਘ ਆਵਲਾ ਦੇ ਗ੍ਰਹਿ ਵਿਖੇ ਪਿੰਡ ਅਲਿਆਣਾ ਤੋਂ ਆਮ ਆਦਮੀ ਪਾਰਟੀ ਅਤੇ ਕਾਂਗਰਸ ਪਾਰਟੀ ਨੂੰ ਛੱਡ ਕੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿੱਚ ਸ਼ਾਮਲ ਹੋਏ ਆਗੂਆਂ ਅਤੇ ਵਰਕਰਾਂ ਦਾ ਰਮਿੰਦਰ ਸਿੰਘ ਆਵਲਾ ਵੱਲੋਂ ਸਿਰੋਪੇ ਪਾ ਕੇ ਨਿੱਘਾ ਸਵਾਗਤ ਕੀਤਾ ਗਿਆ।

ਇਸ ਮੌਕੇ ਪਿੰਡ ਅਲਿਆਣਾ ਤੋਂ ਜੱਗਾ ਸਿੰਘ, ਗੁਰਦੇਵ ਸਿੰਘ, ਸਾਬਕਾ ਮੈਂਬਰ ਹਰਬੰਸ ਸਿੰਘ, ਸਾਬਕਾ ਮੈਂਬਰ ਗੁਰਬਚਨ ਸਿੰਘ, ਨੰਦ ਸਿੰਘ, ਬਲਵੰਤ ਸਿੰਘ, ਬੇਟੀ, ਜੀਵਨ ਸਿੰਘ, ਜਗਸੀਰ ਸਿੰਘ, ਅਰਜਨ ਸਿੰਘ, ਗੁਰਚਰਨ ਸਿੰਘ, ਬਲਵੀਰ ਸਿੰਘ, ਬਲਵੰਤ ਸਿੰਘ, ਸੁਰਿੰਦਰ ਸਿੰਘ ਮੈਂਬਰ, ਲੱਖਾ ਸਿੰਘ, ਸਾਬਕਾ ਸਰਪੰਚ ਸੁਰਜੀਤ ਸਿੰਘ, ਸੁਖਦੇਵ ਸਿੰਘ, ਚੰਦਰ ਮਾਨ ਸਿੰਘ, ਸਾਬਕਾ ਸਰਪੰਚ ਮੰਗਲ ਸਿੰਘ ਅਤੇ ਘੱਟਿਆਂ ਵਾਲੀ ਤੋਂ ਡੇਰਾ ਬਾਬਾ ਗੋਰਾ ਲਾਲ ਦੇ ਮੁੱਖ ਸੇਵਾਦਾਰ ਸੁਖਦੇਵ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਮੂਲੀਅਤ ਕੀਤੀ ਇਸ ਦੌਰਾਨ ਸਾਬਕਾ ਵਿਧਾਇਕ ਰਮਿੰਦਰ ਸਿੰਘ ਆਵਲਾ ਨੇ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਸਾਥੀਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵਿੱਚ ਉਨ੍ਹਾਂ ਨੂੰ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਾਰਟੀ ਦੀ ਮਜ਼ਬੂਤੀ ਲਈ ਸਾਰੇ ਸਾਥੀਆਂ ਨੂੰ ਨਾਲ ਲੈ ਕੇ ਚੱਲਿਆ ਜਾਵੇਗਾ। ਇਸ ਮੌਕੇ ਪਿੰਡ ਅਲਿਆਣਾ ਤੋਂ ਸਾਬਕਾ ਸਰਪੰਚ ਆਸੂ ਸਿੰਘ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

ਸ਼ਿਵ ਸ਼ਕਤੀ ਕਾਲਜ ਭੀਖੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ, ਧਨਵੰਤਰੀ ਪੂਜਾ ਕਰਵਾਈ

ਧਾਰਮਿਕ ਸਮਾਗਮ ਦੌਰਾਨ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਕੀਤੀ ਸ਼ਿਰਕਤ

ਮਨਦੀਪ ਸਿਗਲਾ ਭੀਖੀ

ਭੀਖੀ, 6 ਨਵੰਬਰ : ਸ਼ਿਵ ਸ਼ਕਤੀ ਗਰੁੱਪ ਆਫ਼ ਕਾਲਜਿਜ਼, ਭੀਖੀ ਵਿਖੇ ਸਮੂਹ ਮੈਨੇਜਮੈਂਟ, ਸਟਾਫ਼ ਅਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਸੰਸਥਾ ਦੀ ਸੁੱਖ-ਸ਼ਾਂਤੀ, ਤਰੱਕੀ ਅਤੇ ਚੜ੍ਹਦੀ ਕਲਾ ਦੀ ਕਾਮਨਾ ਲਈ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਕਾਲਜ ਕੈਂਪਸ ਵਿਖੇ ਧਨਵੰਤਰੀ ਪੂਜਾ ਵੀ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਈ ਗਈ। ਜ਼ਿਕਰਯੋਗ ਹੈ ਕਿ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ 4 ਨਵੰਬਰ ਨੂੰ ਹੋਈ ਸੀ, ਜਿਸ ਦੇ ਭੋਗ 6 ਨਵੰਬਰ ਨੂੰ ਪਾਏ ਗਏ। ਸਮਾਗਮ ਦੌਰਾਨ ਸਰਬੱਤ ਦੇ ਭਲੇ, ਸਭ ਦੀ ਤੰਦਰੁਸਤੀ ਅਤੇ ਸੰਸਥਾ ਦੀ ਤਰੱਕੀ ਲਈ ਅਰਦਾਸ ਕੀਤੀ ਗਈ। ਇਸ ਮੌਕੇ ਸੰਸਥਾ ਦੇ ਮੁਖੀ ਸ੍ਰੀ ਸੋਮਨਾਥ ਮਹਿਤਾ ਨੇ ਸਮੂਹ ਪਹੁੰਚੀਆਂ ਸ਼ਖ਼ਸੀਅਤਾਂ ਅਤੇ ਸੰਗਤ ਦਾ ਨਿੱਘਾ ਸਵਾਗਤ ਕਰਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਵਿਦਿਆਰਥੀਆਂ ਅੰਦਰ ਸੇਵਾ, ਸਤਿਕਾਰ ਅਤੇ ਆਪਸੀ ਸਾਂਝ ਦੀ ਭਾਵਨਾ ਨੂੰ ਮਜ਼ਬੂਤ ਕਰਦੇ ਹਨ। ਇਸ ਮੌਕੇ ਕਾਲਜ ਦੀ ਮੈਨੇਜਮੈਂਟ, ਮੈਡੀਕਲ ਵਿਦਿਆਰਥੀਆਂ, ਸਟਾਫ਼ ਮੈਂਬਰਾਂ, ਪ੍ਰੈੱਸ ਰਿਪੋਰਟਰਾਂ ਅਤੇ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੋ ਕੇ ਆਸ਼ੀਰਵਾਦ ਪ੍ਰਾਪਤ ਕੀਤਾ। ਭੋਗ ਉਪਰੰਤ ਸਮੂਹ ਸੰਗਤ ਨੂੰ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਤੋਂ ਬਾਅਦ ਦੀਵਾਲੀ ਦੇ ਸ਼ੁਭ ਮੌਕੇ ਦੀ ਖੁਸ਼ੀ ਸਾਂਝੀ ਕਰਦਿਆਂ ਸਮਾਗਮ ਵਿੱਚ ਪਹੁੰਚੇ ਪਤਵੰਤੇ ਸੱਜਣਾਂ, ਕਾਲਜ ਦੇ ਪ੍ਰਬੰਧਕਾਂ, ਸਟਾਫ਼ ਮੈਂਬਰਾਂ, ਵਿਦਿਆਰਥੀਆਂ ਅਤੇ ਕਰਮਚਾਰੀਆਂ ਨੂੰ ਦੀਵਾਲੀ ਦੇ ਤੋਹਫ਼ੇ ਵੀ ਵੰਡੇ ਗਏ। ਇਸ ਮੌਕੇ ਰਕੇਸ਼ ਜੈਨ, ਗੁਰਬਚਨ ਸਿੰਘ ਮੋਖਾ, ਸੁਖਦੇਵ ਸਿੰਘ ਫਰਵਾਹੀ, ਐਮ.ਡੀ. ਸੂਰਜ ਭਾਨ, ਰਿਸ਼ਵ ਸਿਗਲਾ, ਅਤੇ ਪ੍ਰੇਮ ਕੁਮਾਰ ਲਹਿਰੇ ਵਾਲੇ ਨੇ ਵਿਸ਼ੇਸ਼ ਤੌਰ ਉਤੇ ਸ਼ਿਰਕਤ ਕਰਕੇ ਹਾਜ਼ਰ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਅਤੇ ਆਪਣੇ ਵਿਚਾਰ ਸਾਂਝੇ ਕੀਤੇ।



ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੀ ਬੀਆਰਸੀ ਭਰਤੀ ਨੂੰ ਝਟਕਾ:

ਕਾਨੂੰਨੀ ਨੋਟਿਸ ਦੇ ਅਸਰ ਕਾਰਨ ਨਿਯੁਕਤੀ ਪੱਤਰਾਂ ਦੀ ਵੰਡ 'ਤੇ ਲੱਗੀ ਰੋਕ, ਨਿਯੁਕਤੀ ਪੱਤਰ ਲੈਣ ਪਹੁੰਚੇ ਉਮੀਦਵਾਰ ਮੁੜੇ ਖ਼ਾਲੀ ਹੱਥ

ਗੋਪਾਲ ਸ਼ਰਮਾ

ਬਰੇਟਾ 6 ਨਵੰਬਰ : ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੰਜਾਬ ਵੱਲੋਂ ਬਲਾਕ ਰਿਸੋਰਸ ਕੋਆਰਡੀਨੇਟਰ (ਬੀਆਰਸੀ) ਦੀ ਭਰਤੀ ਪ੍ਰਕਿਰਿਆ ਵਿੱਚ ਕਥਿਤ ਤੌਰ ਉਤੇ ਮਿਲੀਭੁਗਤ ਕਰਕੇ ਤਿਆਰ ਕੀਤੀ ਗਈ ਵਿਵਾਦਤ ਫ਼ਾਈਨਲ ਸੂਚੀ ਵਿਰੁੱਧ ਪੀੜਤ ਉਮੀਦਵਾਰਾਂ ਵੱਲੋਂ ਭੇਜੇ ਗਏ ਸਖ਼ਤ ਲੀਗਲ ਨੋਟਿਸ ਦਾ ਵੱਡਾ ਅਸਰ ਦੇਖਣ ਨੂੰ ਮਿਲਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਵਿਭਾਗ ਵੱਲੋਂ ਦਿੱਤੇ ਜਾਣ ਵਾਲੇ ਨਿਯੁਕਤੀ ਪੱਤਰਾਂ ਦੀ ਪ੍ਰਕਿਰਿਆ ਉਤੇ ਡੰਗੀ ਤੌਰ ਉਤੇ ਰੋਕ ਲਗਾ ਦਿੱਤੀ ਗਈ ਹੈ ਅਤੇ ਦਫ਼ਤਰ ਵਿਖੇ ਨਿਯੁਕਤੀ ਪੱਤਰ ਲੈਣ ਲਈ ਪਹੁੰਚੇ ਉਮੀਦਵਾਰਾਂ ਨੂੰ ਬਿਨਾਂ ਪੱਤਰ ਦਿੱਤੇ ਵਾਪਿਸ ਭੇਜ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਇਸ ਭਰਤੀ ਵਿੱਚ ਨਿਯਮਾਂ ਨੂੰ ਛਿੱਕੇ ਟੰਗ ਕੇ ਬਿਨਾਂ ਤਜਰਬੇ ਵਾਲੇ 10 ਉਮੀਦਵਾਰਾਂ ਨੂੰ ਸ਼ਾਮਲ ਕਰਨ ਅਤੇ ਆਪਣੀ ਮਨਮਾਨੀ ਨਾਲ ਰਾਖਵੇਂ ਕੋਟੇ ਤੋੜਨ ਦਾ ਮਾਮਲਾ ਪੀੜਤ ਅਤੇ ਯੋਗ ਉਮੀਦਵਾਰਾਂ (ਜਗਜੀਤ ਸਿੰਘ, ਰਣਵੀਰ ਸ਼ਰਮਾਂ,ਰਮਨਦੀਪ ਕੌਰ ਅਤੇ ਸੁਰਿੰਦਰ ਸਿੰਘ) ਵੱਲੋਂ ਜ਼ੋਰ-ਸ਼ੋਰ ਨਾਲ ਉਠਾਇਆ ਗਿਆ ਸੀ। ਇਸ ਸਬੰਧੀ ਵਕੀਲ ਗੁਲਾਬ ਸਿੰਘ ਨਰਵਾਲ ਦੇ ਮਾਧਿਅਮ ਰਾਹੀਂ ਵਿਭਾਗ ਨੂੰ ਕਾਨੂੰਨੀ ਨੋਟਿਸ ਭੇਜਿਆ ਗਿਆ ਸੀ ਅਤੇ ਮਾਮਲੇ ਦੀ ਪ੍ਰਕਾਸ਼ਿਤ ਖ਼ਬਰ ਨੇ ਪ੍ਰਸ਼ਾਸਨ ਵਿੱਚ ਹਲਚਲ ਮਚਾ ਦਿੱਤੀ ਸੀ।

ਪੀੜਤ ਉਮੀਦਵਾਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਜਦੋਂ ਤੱਕ ਇਸ ਪੂਰੇ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਵਾ ਕੇ ਯੋਗ ਅਤੇ ਤਜਰਬੇਕਾਰ ਉਮੀਦਵਾਰਾਂ ਨੂੰ ਉਨ੍ਹਾਂ ਦਾ ਬਣਦਾ ਹੱਕ ਨਹੀਂ ਦਿੱਤਾ ਜਾਂਦਾ, ਉਦੋਂ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ ਅਤੇ ਲੋੜ ਪੈਣ ਉਤੇ ਮਾਣਯੋਗ ਹਾਈ ਕੋਰਟ ਵਿੱਚ ਰਿੱਟ ਪਟੀਸ਼ਨ ਦਾਖ਼ਲ ਕੀਤੀ ਜਾਵੇਗੀ

ਐਸਐਸਆਰਵੀ ਐਮ. ਸੀਨੀਅਰ ਸੈਕੰਡਰੀ ਸਕੂਲ ਨੰਗਲ ਵਿਖੇ ਦੀਵਾਲੀ ਦਾ ਤਿਉਹਾਰ ਮਨਾਇਆ



ਸਤਨਾਮ ਸਿੰਘ

ਨੰਗਲ, 6 ਨਵੰਬਰ : ਐਸ ਐਸ ਆਰ ਵੀ ਐਮ ਸੀਨੀਅਰ ਸੈਕੰਡਰੀ ਸਕੂਲ ਨਵਾਂ ਨੰਗਲ ਵਿਖੇ ਦੀਵਾਲੀ ਦਾ ਤਿਉਹਾਰ ਬੜੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਨੇ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲਿਆ। ਵਿਦਿਆਰਥੀਆਂ ਨੇ ਭਗਤੀ ਭਰੇ ਭਜਨਾਂ ਉਤੇ ਨ੍ਰਿਤ ਪੇਸ਼ ਕੀਤਾ। ਨਰਸਰੀ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ ਦੇ ਸਾਰੇ ਵਿਦਿਆਰਥੀਆਂ ਨੇ ਵੱਖ-ਵੱਖ ਮੁਕਾਬਲਿਆਂ ਵਿੱਚ ਹਿੱਸਾ ਲਿਆ।

ਨਰਸਰੀ ਤੋਂ ਦੂਜੀ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਦੀਵਿਆਂ ਅਤੇ ਮੋਮਬੱਤੀਆਂ ਨੂੰ ਆਕਰਸ਼ਕ ਢੰਗ ਨਾਲ ਸਜਾਇਆ। ਤੀਜੀ ਅਤੇ ਚੌਥੀ ਜਮਾਤ ਦੇ ਵਿਦਿਆਰਥੀਆਂ ਨੇ ਦੀਵਾਲੀ ਨਾਲ ਸਬੰਧਤ ਸੁੰਦਰ-ਸੁੰਦਰ ਕਾਰਡ ਬਣਾਏ। ਪੰਜਵੀਂ ਤੋਂ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ @ਬੈਸਟ ਆਊਟ ਆਫ਼ ਵੇਸਟ@ (ਵਿਅਰਥ ਵਸਤਾਂ ਤੋਂ ਉਪਯੋਗੀ ਸਮਾਨ ਬਣਾਉਣ) ਗਤੀਵਿਧੀ ਵਿੱਚ ਹਿੱਸਾ ਲਿਆ। ਸਕੂਲ ਦੇ ਚਾਰੇ ਸਦਨਾਂ—ਮਾਂ ਦੁਰਗਾ ਸਦਨ, ਲਾਰਡ ਕ੍ਰਿਸ਼ਨਾ ਸਦਨ, ਮਾਂ ਲਕਸ਼ਮੀ ਸਦਨ ਅਤੇ ਲਾਰਡ ਸ਼ਿਵਾ ਸਦਨ ਦੇ ਵਿਦਿਆਰਥੀਆਂ ਨੇ ਰੰਗੋਲੀ ਬਣਾ ਕੇ ਸਕੂਲ ਕੰਪਲੈਕਸ ਨੂੰ ਰੰਗਾਂ ਅਤੇ ਖੁਸ਼ੀਆਂ ਨਾਲ ਸਜਾ ਦਿੱਤਾ।

ਇਸ ਮੌਕੇ ਸਕੂਲ ਦੇ ਜਨਰਲ ਮੈਨੇਜਰ ਸ਼੍ਰੀ ਸੁਮੇਸ਼ ਸ਼ਰਮਾ ਜੀ ਨੇ ਸਾਰੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਬੱਚਿਆਂ ਵਿੱਚ ਰਚਨਾਤਮਕਤਾ, ਆਤਮ-ਵਿਸ਼ਵਾਸ ਅਤੇ ਸਹਿਯੋਗ ਦੀ ਭਾਵਨਾ ਪੈਦਾ ਕਰਦੀਆਂ ਹਨ। ਉਨ੍ਹਾਂ ਨੇ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਦੀਵਾਲੀ ਦੀਆਂ ਮੁਬਾਰਕਾਂ ਦਿੰਦੇ ਹੋਏ ਵਾਤਾਵਰਣ-ਪੱਖੀ (ਗ੍ਰੀਨ ਦੀਵਾਲੀ) ਮਨਾਉਣ ਦਾ ਸੁਨੇਹਾ ਦਿੱਤਾ।

ਵਸੂਲੀ ਅਫਸਰ- 1/2 ਦਾ ਦਫ਼ਤਰ
ਕਰਜਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ- 3)
ਹੇਠਲੀ ਮੰਜਿਲ, ਐਸਸੀਓ 33-34-35, ਸੈਕਟਰ-17ਏ, ਚੰਡੀਗੜ੍ਹ-160017

ਡਿਮਾਂਡ ਨੋਟਿਸ
ਪ੍ਰਕਾਸ਼ਨਾ ਰਾਹੀਂ
ਕਰਜੇ ਦੀ ਵਸੂਲੀ ਅਤੇ ਦਿਵਾਲੀਆ ਐਕਟ, 1993 ਦੀ ਧਾਰਾ 25 ਤੋਂ 28 ਅਤੇ ਇਨਕਮ ਟੈਕਸ ਐਕਟ, 1961 ਦੇ ਦੂਜੇ ਸ਼ਡਿਊਲ ਦੇ ਰੂਲ 2 ਤਹਿਤ ਨੋਟਿਸ)
ਆਰਸੀ/1721/2025 — ਮਿਤੀ 06.10.2026

ਸਟੇਟ ਬੈਂਕ ਆਫ ਇੰਡੀਆ
ਬਨਾਮ
ਸਵ. ਸ੍ਰੀ ਜੋਗਿੰਦਰ ਸਿੰਘ ਰਾਹੀਂ ਉਸ ਦੇ ਕਾਨੂੰਨੀ ਵਾਰਸ ਅਤੇ ਹੋਰ

ਵੱਲ,
(ਸੀਡੀ 1) ਸਵ. ਸ੍ਰੀ ਜੋਗਿੰਦਰ ਸਿੰਘ ਪੁੱਤਰ ਸ੍ਰੀ ਅਮਰ ਸਿੰਘ ਪ੍ਰਤੀਨਿਧਤਾ ਰਾਹੀਂ ਹੇਠ ਦਰਸਾਏ ਕਾਨੂੰਨੀ ਵਾਰਸ- ਕਾਨੂੰਨੀ ਵਾਰਸ 1- ਸ੍ਰੀ ਬਲਬੀਰ ਸਿੰਘ ਪੁੱਤਰ ਸਵ. ਸ੍ਰੀ ਜੋਗਿੰਦਰ ਸਿੰਘ ਵਾਸੀ ਮਕਾਨ ਨੰ. 40, ਪਿੰਡ ਉਰਾਲਨ, ਤਹਿਸੀਲ ਡੇਰਾਬੱਸੀ ਜ਼ਿਲ੍ਹਾ ਐਸਏਐਸ ਨਗਰ ਮੋਹਾਲੀ, ਪੰਜਾਬ। ਕਾਨੂੰਨੀ ਵਾਰਸ 2- ਸ੍ਰੀ ਜਸਬੀਰ ਸਿੰਘ ਪੁੱਤਰ ਸਵ. ਸ੍ਰੀ ਜੋਗਿੰਦਰ ਸਿੰਘ ਵਾਸੀ ਮਕਾਨ ਨੰ. 40, ਪਿੰਡ ਉਰਾਲਨ, ਤਹਿਸੀਲ ਡੇਰਾਬੱਸੀ ਜ਼ਿਲ੍ਹਾ ਐਸਏਐਸ ਨਗਰ ਮੋਹਾਲੀ, ਪੰਜਾਬ। (ਮੌਤ ਉਪਰੰਤ) ਪ੍ਰਤੀਨਿਧਤਾ ਰਾਹੀਂ ਹੇਠ ਦਰਸਾਏ ਕਾਨੂੰਨੀ ਵਾਰਸ:
1. ਸ੍ਰੀਮਤੀ ਸਰਬਜੀਤ ਕੌਰ ਪਤਨੀ ਸਵ. ਸ੍ਰੀ ਜਸਬੀਰ ਸਿੰਘ ਵਾਸੀ ਮਕਾਨ ਨੰ. 40, ਪਿੰਡ ਉਰਾਲਨ, ਤਹਿਸੀਲ ਡੇਰਾਬੱਸੀ ਜ਼ਿਲ੍ਹਾ ਐਸਏਐਸ ਨਗਰ ਮੋਹਾਲੀ, ਪੰਜਾਬ।
2. ਸ੍ਰੀ ਮੁਨੀਸ਼ ਪੁੱਤਰ ਸਵ. ਸ੍ਰੀ ਜਸਬੀਰ ਸਿੰਘ ਵਾਸੀ ਮਕਾਨ ਨੰ. 40, ਪਿੰਡ ਉਰਾਲਨ, ਤਹਿਸੀਲ ਡੇਰਾਬੱਸੀ ਜ਼ਿਲ੍ਹਾ ਐਸਏਐਸ ਨਗਰ ਮੋਹਾਲੀ, ਪੰਜਾਬ।
3. ਸ੍ਰੀ ਪਰਵੀਨ ਪੁੱਤਰ ਸਵ ਸ੍ਰੀ ਜਸਬੀਰ ਸਿੰਘ ਵਾਸੀ ਮਕਾਨ ਨੰ. 40, ਪਿੰਡ ਉਰਾਲਨ, ਤਹਿਸੀਲ ਡੇਰਾਬੱਸੀ ਜ਼ਿਲ੍ਹਾ ਐਸਏਐਸ ਨਗਰ ਮੋਹਾਲੀ, ਪੰਜਾਬ।
4. ਸ੍ਰੀ ਰੇਨੂੰ ਪੁੱਤਰ ਸਵ. ਸ੍ਰੀ ਜਸਬੀਰ ਸਿੰਘ ਵਾਸੀ ਮਕਾਨ ਨੰ. 40, ਪਿੰਡ ਉਰਾਲਨ, ਤਹਿਸੀਲ ਡੇਰਾਬੱਸੀ ਜ਼ਿਲ੍ਹਾ ਐਸਏਐਸ ਨਗਰ ਮੋਹਾਲੀ, ਪੰਜਾਬ।
5. ਸ੍ਰੀ ਨਿਸ਼ੂ ਪੁੱਤਰ ਸਵ. ਸ੍ਰੀ ਜਸਬੀਰ ਸਿੰਘ ਵਾਸੀ ਮਕਾਨ ਨੰ. 40, ਪਿੰਡ ਉਰਾਲਨ, ਤਹਿਸੀਲ ਡੇਰਾਬੱਸੀ ਜ਼ਿਲ੍ਹਾ ਐਸਏਐਸ ਨਗਰ ਮੋਹਾਲੀ, ਪੰਜਾਬ।
(ਸੀਡੀ 2) ਸ੍ਰੀ ਬਲਬੀਰ ਸਿੰਘ ਪੁੱਤਰ ਸ੍ਰੀ ਜੋਗਿੰਦਰ ਸਿੰਘ, ਵਾਸੀ ਮਕਾਨ ਨੰ. 40, ਪਿੰਡ ਉਰਾਲਨ, ਤਹਿਸੀਲ ਡੇਰਾਬੱਸੀ ਜ਼ਿਲ੍ਹਾ ਐਸਏਐਸ ਨਗਰ ਮੋਹਾਲੀ, ਪੰਜਾਬ
ਇਹ ਨੋਟਿਸ ਦਿਤਾ ਜਾਂਦਾ ਹੈ ਕਿ ਪ੍ਰਧਾਨਗੀ ਅਫ਼ਸਰ, ਕਰਜਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ, (ਡੀਆਰਟੀ 3) ਦੇ ਹੁਕਮ ਦੁਆਰਾ ਓਏ/1186/2024 ਤਹਿਤ ਜਾਰੀ ਵਸੂਲੀ ਸਰਟੀਫਿਕੇਟ ਤਹਿਤ ਰੁਪਏ 23,64,095/- (ਰੁ ਤੇਈ ਲੱਖ ਚੌਂਹਟ ਹਜ਼ਾਰ ਪਚਾਨਵੇਂ ਸਿਰਫ਼) ਸਮੇਤ ਪੇਂਡੇਂਟਲਾਈਟ ਅਤੇ ਮਿਤੀ 13.09.2024 ਤੋਂ 8.00% ਦੀ ਦਰ ਨਾਲ ਬਣਦਾ ਸਧਾਰਨ ਭਵਿਖੀ ਵਿਆਜ ਅਦਾਇਗੀ ਤੱਕ ਅਤੇ ਰੁ. 26,000/- (ਰੁ ਛੱਬੀ ਹਜ਼ਾਰ ਸਿਰਫ਼) ਤੁਹਾਡੇ ਵੱਲ (ਇਕੱਠਿਆਂ ਅਤੇ ਹੋਰ ਵਸੀਲਿਆਂ ਨਾਲ/ਸਾਰਾ/ਸੀਮਿਤ) ਬਕਾਇਆ ਹਨ।
2. ਤੁਹਾਨੂੰ ਨੋਟਿਸ ਦੀ ਪ੍ਰਾਪਤੀ ਦੇ 15 ਦਿਨਾਂ ਦੇ ਅੰਦਰ ਉਪਰੋਕਤ ਰਕਮ ਦਾ ਭੁਗਤਾਨ ਕਰਨ ਦਾ ਨਿਰਦੇਸ਼ ਦਿੱਤਾ ਜਾਂਦਾ ਹੈ, ਜਿਸ ਵਿੱਚ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾ ਵੱਲ ਬਕਾਇਆ ਦੀ ਵਸੂਲੀ ਐਕਟ, 1993 ਅਤੇ ਇਸ ਤਹਿਤ ਨਿਯਮਾਂ ਅਨੁਸਾਰ ਰਿਕਵਰੀ ਕੀਤੀ ਜਾਵੇਗੀ।
3. ਜਿਵੇਂ ਕਿ ਟ੍ਰਿਬਿਊਨਲ ਨੂੰ ਇਹ ਯਕੀਨ ਹੋ ਗਿਆ ਹੈ ਕਿ ਸਧਾਰਨ ਤਰੀਕੇ ਨਾਲ ਤੁਹਾਨੂੰ ਪਹੁੰਚ ਨਹੀਂ ਕੀਤੀ ਜਾ ਸਕਦੀ ਸੋ ਇਸ ਨੋਟਿਸ ਦੇ ਪ੍ਰਕਾਸ਼ਨ ਰਾਹੀਂ ਤੁਹਾਨੂੰ ਮਿਤੀ 21.11.2026 ਨੂੰ ਸਵੇਰ 10:30 ਵਜੇ ਟ੍ਰਿਬਿਊਨਲ ਸਨਮੁੱਖ ਹਾਜ਼ਰ ਹੋਣ ਦੇ ਨਿਰਦੇਸ਼ ਦਿੱਤੇ ਜਾਂਦੇ ਹਨ।
4. ਤੁਹਾਨੂੰ ਇਹ ਹੁਕਮ ਦਿਤਾ ਜਾਂਦਾ ਕਿ ਅਗਲੀ ਸੁਣਵਾਈ ਦੀ ਮਿਤੀ ਤੱਕ ਜਾਂ ਇਸ ਤੋਂ ਪਹਿਲਾ ਆਪਣੀ ਜਾਇਦਾਦਾਂ ਦੇ ਸਬੰਧੀ ਵੇਰਵੇ ਸਬੰਧੀ ਹਲਫ਼ਨਾਮਾ ਜਮਾਂ ਕਰਵਾਓ।
5. ਉਪਰੋਕਤ ਰਕਮ ਤੋਂ ਇਲਾਵਾ, ਤੁਸੀ ਹੇਠ ਦਰਸਾਏ ਦੇ ਵੀ ਦੇਣਦਾਰ ਹੋ।
(ੳ) ਅਜਿਹਾ ਵਿਆਜ ਜੋ ਇਸ ਸਰਟੀਫਿਕੇਟ ਦੇ ਨੋਟਿਸ/ਕਾਰਵਾਈ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਲਈ ਭੁਗਤਾਨ ਯੋਗ ਹੈ।
(ਅ) ਇਸ ਨੋਟਿਸ ਅਤੇ ਵਾਰੰਟ ਅਤੇ ਹੋਰ ਵਿਧੀਆਂ ਅਤੇ ਸਾਰਿਆਂ ਕਾਰਵਾਈਆਂ ਜੋ ਬਕਾਇਆ ਰਕਮ ਦੀ ਵਸੂਲੀ ਲਈ ਕੀਤੀਆਂ ਜਾਣੀਆਂ ਹਨ ਦੇ ਖਰਚੇ, ਚਾਰਜ ਅਤੇ ਲਾਗਤਾਂ।
ਇਸ ਮਿਤੀ 06.10.2026 ਨੂੰ ਮੇਰੇ ਹਸਤਾਖਰ ਅਤੇ ਟ੍ਰਿਬਿਊਨਲ ਦੀ ਮੋਹਰ ਸਮੇਤ ਜਾਰੀ।
ਵਸੂਲੀ ਅਫਸਰ
ਕਰਜਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ, (ਡੀਆਰਟੀ 3)

ਮਧੁਰ ਨਿਟ ਕਰਾਫਟਸ ਲਿਮਿਟਡ
ਰਜਿ ਦਫ਼ਤਰ: ਪਿੰਡ - ਸੀਰਾ, ਸੱਤੋਵਾਲ ਰੋਡ, ਰਾਹੋਂ ਰੋਡ,
ਲੁਧਿਆਣਾ (ਪੰਜਾਬ) - 141007 ਸੀਆਈਐਨ: L17301PB1997PLC020381
ਈਮੇਲ: cs@mkcpl.in, ਵੈਬਸਾਈਟ https://www.mkcpl.in

28ਵੀਂ ਸਾਲਾਨਾ ਜਨਰਲ ਮੀਟਿੰਗ ਦਾ ਨੋਟਿਸ

ਇਹ ਸੂਚਿਤ ਕੀਤਾ ਜਾਂਦਾ ਹੈ ਕਿ ਮਧੁਰ ਨਿਟ ਕਰਾਫਟਸ ਲਿਮਿਟਡ ਦੇ ਮੈਂਬਰਾਂ ਦੀ 28ਵੀਂ ਸਾਲਾਨਾ ਜਨਰਲ ਮੀਟਿੰਗ (ਏਜੀਐਮ) ਸੋਮਵਾਰ, 30.11.2026 ਨੂੰ ਸਵੇਰੇ 11.30 ਵਜੇ ਵੀਡੀਓ ਕਾਨਫਰੰਸਿੰਗ (ਵੀਸੀ)/ ਹੋਰ ਆਡੀਓ ਵਿਜ਼ੂਅਲ ਮਾਧਿਅਮ (ਓਏਵੀਐਮ) ਰਾਹੀਂ ਬਿਨਾ ਮੈਂਬਰਾਂ ਦੇ ਇੱਕ ਸਾਂਝੇ ਸਥਾਨ ਤੇ ਇਕੱਠਾ [illegible]

[illegible]

(ੲ) ਰਿਮੋਟ ਈ-ਵੋਟਿੰਗ ਸ਼ੁੱਕਰਵਾਰ, 27.11.2026 ਨੂੰ ਸਵੇਰੇ 09.00 ਵਜੇ ਸ਼ੁਰੂ ਹੋਵੇਗੀ ਅਤੇ ਐਤਵਾਰ, 29.11.2026 ਨੂੰ ਸ਼ਾਮ 5.00 ਵਜੇ ਖ਼ਤਮ ਹੋ ਜਾਵੇਗੀ।

[illegible]

ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਕੰਪਨੀ ਐਕਟ, 2013 ਦੀ ਧਾਰਾ 91 ਅਤੇ ਸੇਬੀ (ਲਿਸਟਿੰਗ ਓਬਲੀਗੇਸ਼ਨ ਐਂਡ ਡਿਸਕਲੋਜ਼ਰ ਰਿਕੁਆਰਮੈਂਟਸ) ਰੈਗੂਲੇਸ਼ਨ, 2015 ਦੇ ਰੈਗੂਲੇਸ਼ਨ 42 ਦੀ ਪਾਲਣਾ ਕਰਦੇ ਹੋਏ ਮੈਂਬਰਾਂ ਦੇ ਰਜਿਸਟਰ ਅਤੇ ਕੰਪਨੀ ਦੇ ਸ਼ੇਅਰ ਟਰਾਂਸਫਰ ਬੁੱਕ ਮਿਤੀ 24.11.2026 ਤੋਂ 30.11.2026 (ਦੋਵੇਂ ਮਿਤੀਆਂ ਸ਼ਾਮਲ) ਤੱਕ ਕੰਪਨੀ ਦੇ ਏਜੀਐਮ ਦੇ ਉਦੇਸ਼ ਲਈ ਬੰਦ ਰਹਿਣਗੇ।
ਲਈ ਮਧੁਰ ਨਿਟ ਕਰਾਫਟਸ ਲਿਮਿਟਡ
ਸਹੀ/-
ਸਥਾਨ: ਲੁਧਿਆਣਾ — ਪਿਊਸ਼ ਗੁਪਤਾ
ਮਿਤੀ 06.11.2026 — ਹੋਲ-ਟਾਈਮ ਡਾਇਰੈਕਟਰ

ਇੰਡੀਅਨ ਬੈਂਕ Indian Bank — ਇਲਾਹਾਬਾਦ ALLAHABAD
SAM ਚੰਡੀਗੜ੍ਹ ਬ੍ਰਾਂਚ, ਐਸਸੀਓ 90-91-92, ਸੈਕਟਰ 8-ਸੀ, ਮੱਧ ਮਾਰਗ, ਚੰਡੀਗੜ੍ਹ, ਫੋਨ: 0172-5047188, ਈ-ਮੇਲ: sam.chandigarh@indianbank.bank.in

ਸਾਰਣੀ-4 (ਰੂਲ 8 (1)) ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਿਵੇਂ ਕਿ ਨਿਮਨ ਹਸਤਾਖਰੀ ਜੋ ਕਿ ਇੰਡੀਅਨ ਬੈਂਕ, ਐਸਏਐਮ ਬ੍ਰਾਂਚ ਚੰਡੀਗੜ੍ਹ ਦਾ ਅਧਿਕਾਰਤ ਅਫ਼ਸਰ ਹੋਣ ਨਾਤੇ ਸਕਿਊਰਿਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ਼ ਫਾਈਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ਼ ਸਕਿਉਰਿਟੀ ਇੰਟਰਸਟ ਐਕਟ 2002 ਅਤੇ ਸੈਕਸ਼ਨ 13(12) ਤਹਿਤ ਮਿਲੀਆਂ ਤਾਕਤਾਂ ਦੀ ਵਰਤੋਂ ਕਰਦਿਆਂ ਜਿਸ ਨੂੰ ਕਿ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਅਤੇ 9 ਨਾਲ ਪੜ੍ਹਿਆ ਜਾਵੇ ਤਹਿਤ ਕਰਜਦਾਰਾਂ/ਗਰੰਟਰਾਂ ਨੂੰ ਉਨ੍ਹਾਂ ਦੇ ਨਾਲ ਦਰਸਾਈਆਂ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਦਿਆਂ ਉਨ੍ਹਾਂ ਨੂੰ ਸਬੰਧਤ ਡਿਮਾਂਡ ਨੋਟਿਸ ਵਿਖੇ ਦਰਸਾਈ ਰਕਮ ਦਸ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਰਕਮ ਅਦਾ ਕਰਨ ਲਈ ਕਿਹਾ ਸੀ।
ਕਰਜਦਾਰ/ਗਰੰਟਰ ਇਹ ਰਕਮ ਅਦਾ ਕਰਨ ਵਿਚ ਅਸਫਲ ਰਹੇ ਸੋ ਕਰਜਦਾਰਾਂ/ਗਰੰਟਰਾਂ ਨੂੰ ਅਤੇ ਆਮ ਜਨ ਸਧਾਰਨ ਨੂੰ ਇਹ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਹੇਠ ਦਰਸਾਈ ਜਾਇਦਾਦ ਦਾ ਦੱਸੇ ਐਕਟ ਦੇ ਸੈਕਸ਼ਨ 13(4) ਦੀ ਤਾਕਤਾਂ ਦੀ ਵਰਤੋਂ ਕਰਦਿਆਂ ਜਿਸ ਨੂੰ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਸ 2002 ਦੇ ਰੂਲ 8 ਅਤੇ 9 ਨਾਲ ਪੜ੍ਹਿਆ ਜਾਵੇ ਤਹਿਤ ਹੇਠ ਦਰਸ਼ਾਈਆਂ ਮਿਤੀਆਂ ਨੂੰ ਕਬਜ਼ਾ ਲੈ ਲਿਆ ਹੈ।
ਕਰਜਦਾਰਾਂ/ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨ ਸਧਾਰਨ ਨੂੰ ਸੁਚੇਤ ਕੀਤਾ ਜਾਂਦਾ ਹੈ ਕਿ ਹੇਠ ਦਰਸਾਈ ਜਾਇਦਾਦ ਨਾਲ ਕੋਈ ਲੈਣ-ਦੇਣ ਨਾ ਕੀਤਾ ਜਾਵੇ ਅਤੇ ਜਾਇਦਾਦ ਨਾਲ ਕੋਈ ਵੀ ਲੈਣ-ਦੇਣ ਹੇਠ ਦਰਸਾਈ ਰਕਮ ਰੁ 1,36,14,755/- (ਰੁ ਇੱਕ ਕਰੋੜ ਛੱਤੀ ਲੱਖ ਚੌਦਾਂ ਹਜ਼ਾਰ ਸੱਤ ਸੌ ਪਚਵੰਜਾ ਸਿਰਫ਼) ਮਿਤੀ 05.11.2026 ਤੱਕ ਸਮੇਤ ਮਿਤੀ 06.11.2026 ਤੋਂ ਭਵਿਖੀ ਵਿਆਜ ਅਤੇ ਇਸ ਉਪਰੰਤ ਚਾਰਜ ਲਈ ਲਈ ਇੰਡੀਅਨ ਬੈਂਕ, ਐਸਏਐਮ ਬ੍ਰਾਂਚ ਚੰਡੀਗੜ੍ਹ ਦੇ ਚਾਰਜ ਦਾ ਵਿਸ਼ਾ ਹੋਵੇਗਾ।
'ਅਸੀਂ ਧਿਆਨ ਦਿਵਾਉਂਦੇ ਹਾਂ ਕਿ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 8 ਤਹਿਤ ਅਜੇ ਵੀ ਉਨ੍ਹਾਂ ਕੋਲ ਸੁਰਖਿਅਤ ਜਾਇਦਾਦ ਨੂੰ ਛੁਡਵਾਉਣ ਦਾ ਸਮਾਂ ਬਾਕੀ ਹੈ।'

ਕਰਜਦਾਰ/ਗਰੰਟਰਾਂ ਦੇ ਨਾਂ	ਅਚੱਲ ਜਾਇਦਾਦ ਦਾ ਵੇਰਵਾ	ਡਿਮਾਂਡ ਨੋਟਿਸ ਦੀ ਮਿਤੀ ਅਤੇ ਰਕਮ	ਕਬਜ਼ੇ ਦੀ ਮਿਤੀ
(1) ਸ਼੍ਰੀਮਤੀ ਜੋਤੀ ਛਾਬੜਾ (ਕਰਜਦਾਰ ਅਤੇ ਗਿਰਵੀਕਾਰ) ਪਤਨੀ ਸ੍ਰੀ ਮਹੇਸ਼ ਛਾਬੜਾ, ਪਤਾ-1:- ਮਕਾਨ ਨੰਬਰ 1652, 3ਬੀ2 ਮੋਹਾਲੀ, ਪੰਜਾਬ 160059, ਪਤਾ-2:- ਮਕਾਨ ਨੰ. 963/17, ਮਾਡਲ ਟਾਊਨ, ਖਰੜ, ਜ਼ਿਲ੍ਹਾ ਐਸ ਏ ਐਸ ਨਗਰ 140301, ਪਤਾ-3:- ਡਬਲਯੂਐਮ 86, ਫੇਜ਼ 3ਬੀ1, ਮੋਹਾਲੀ, ਸੈਕਟਰ 59, ਐਸਏਐਸ ਨਗਰ, ਪੰਜਾਬ 160059 (2) ਸ੍ਰੀ ਮੋਹਿਤ ਛਾਬੜਾ (ਸਹਿ-ਕਰਜਦਾਰ) ਪੁੱਤਰ ਸ੍ਰੀ ਮਹੇਸ਼ ਛਾਬੜਾ, ਪਤਾ-1:- ਮਕਾਨ ਨੰਬਰ 1652, 3ਬੀ2 ਮੋਹਾਲੀ, ਪੰਜਾਬ 160059, ਪਤਾ-2:- ਡਬਲਯੂਐਮ 86, ਫੇਜ਼ 3ਬੀ1, ਮੋਹਾਲੀ, ਸੈਕਟਰ 59, ਐਸਏਐਸ ਨਗਰ, ਪੰਜਾਬ 160059 (3) ਸ੍ਰੀ ਸੋਰਭ ਛਾਬੜਾ (ਸਹਿ-ਕਰਜਦਾਰ) ਪੁੱਤਰ ਸ੍ਰੀ ਮਹੇਸ਼ ਛਾਬੜਾ, ਪਤਾ-1:- ਮਕਾਨ ਨੰਬਰ 1652, 3ਬੀ2 ਮੋਹਾਲੀ, ਪੰਜਾਬ - 160059, ਪਤਾ-2:- ਦੁਕਾਨ/ਬੂਥ ਨੰਬਰ 520, ਫੇਜ਼ 3ਬੀ1, ਮੋਹਾਲੀ - 160059, ਪਤਾ-3:- ਦੁਕਾਨ/ਬੂਥ ਨੰਬਰ 519, ਫੇਜ਼ 3ਬੀ1, ਮੋਹਾਲੀ - 160059, ਪਤਾ-4:- ਡਬਲਯੂਐਮ 86, ਫੇਜ਼ 3ਬੀ1, ਮੋਹਾਲੀ, ਸੈਕਟਰ 59, ਐਸਏਐਸ ਨਗਰ, ਪੰਜਾਬ 160059	ਫਲੈਟ ਨੰ 1802, ਬਲਾਕ ਏ-1, 18ਵੀਂ ਮੰਜਿਲ, ਅਮੇਜਨ-ਦ ਡਿਫੈਂਸ ਕਾਊਂਟੀ, ਸੈਕਟਰ 30, ਪੰਚਕੂਲਾ, ਹਰਿਆਣਾ ਜੋ ਸ਼੍ਰੀਮਤੀ ਜੋਤੀ ਛਾਬੜਾ ਪਤਨੀ ਸ੍ਰੀ ਮਹੇਸ਼ ਛਾਬੜਾ ਦੇ ਨਾਂ ਹੈ।	24.08.2026 Rs. 1,33,01,764/- (ਰੁ ਇੱਕ ਕਰੋੜ ਤੇਤੀ ਲੱਖ ਇੱਕ ਹਜ਼ਾਰ ਸੱਤ ਸੌ ਚੌਂਹਠ ਸਿਰਫ਼) ਸਮੇਤ ਮਿਤੀ 24.08.2026 ਤੋਂ ਭਵਿੱਖੀ ਵਿਆਜ ਅਤੇ ਚਾਰਜ ਇਸ ਉਪਰੰਤ।	06.11.2026

ਮਿਤੀ: 06.11.2026 — ਸਥਾਨ: ਚੰਡੀਗੜ੍ਹ — ਅਧਿਕਾਰਿਤ ਅਫਸਰ